# ਬੱਚਿਆਂ ਲਈ ਬਾਈਬਲ

ਉਪੱਸਥਿਤ



# ਯਿਸੂ ਨੇਂ ਬਾਰਾਂ ਸਹਾਇਕਾਂ ਨੂੰ ਚੁਣਿਆ


ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus Alastair Paterson

ਦੁਆਰਾ ਬਦਲਿਆ ਗਿਆ : E. Frischbutter; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada



©2022 Bible for Children, Inc.

ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।




ਯਿਸੂ ਨੇਂ ਅਦਭੁਤ ਕੰਮ ਕੀਤੇ। ਉਸਨੇ ਬਿਮਾਰਾਂ ਨੂੰ ਚੰਗਾ ਕੀਤਾ, ਪਰੇਸ਼ਾਨ ਲੋਕਾਂ ਦੇ ਮਨਾਂ ਅਤੇ ਦਿਲਾਂ ਵਿੱਚ ਸ਼ਾਂਤੀ ਦਿੱਤੀ, ਅਤੇ ਪਰਮੇਸ਼ਵਰ ਦਾ ਵਚਨ ਸਿਖਾਇਆ।




ਭੀੜ ਯਿਸੂ ਕੋਲ ਚੰਗਾਈ ਅਤੇ ਮਦਦ ਲਈ ਆਉਂਦੀ ਸੀਂ। ਉਸਨੇਂ
ਆਪਣੇ ਪਿੱਛੇ ਪਿੱਛੇ ਆਉਣ ਵਾਲਿਆਂ ਵਿੱਚੋਂ ਬਾਰਾਂ ਮਨੁੱਖ ਚੁਨਣ ਦੀ
ਸੋਚੀ, ਕੀ ਉਸਦੇ ਪਰਮੇਸ਼ਵਰ ਦੇ ਕੰਮ ਵਿੱਚ
ਉਸਦੀ ਮਦਦ ਕਰਨ।
3


ਜੇਕਰ ਤੁਸੀ ਮੁੱਖ ਚੋਂਣ
ਕਰਨੀ ਹੋਵੇ, ਤਾਂ ਕੀ ਤੁਸੀ
ਪਰਮੇਸ਼ਵਰ ਦੇ ਸਾਹਮਣੇ
ਪ੍ਰਾਥਨਾ ਕਰਦੇ ਹੋ? ਯਿਸੂ ਨੇਂ
ਕੀਤਾ! ਇੱਕ ਪਹਾੜ ਦੀ
ਛਾਂਤ ਜਗ੍ਹਾ ਤੇ ਉਸਨੇਂ
ਆਪਣੇ ਸਵਰਗੀ ਪਿਤਾ
ਨਾਲ ਗੱਲ ਕੀਤੀ। ਯਿਸੂ
ਸੂਰਜ ਦੇ ਡੁੱਬਣ ਤੱਕ
ਪ੍ਰਾਥਨਾ ਕਰਦਾ ਰਿਹਾ।
4


ਯਿਸੂ ਸਾਰੀ ਹਨੇਰੀ
ਰਾਤ ਪ੍ਰਾਥਨਾ
ਕਰਦਾ ਰਿਹਾ।
5


ਸਵੇਰ ਵੇਲੇ ਯਿਸੂ ਨੇਂ ਆਪਣੇ ਪਿੱਛੇ ਚੱਲਣ ਵਾਲਿਆਂ ਨੂੰ ਅਤੇ ਆਪਣੇ
ਸਾਰੇ ਦੋਸਤਾਂ ਨੂੰ ਸੱਦਿਆ ਜਿਹੜੇ ਉਸਦੀ ਸੇਵਾ ਅਤੇ ਆਗਿਆ ਦਾ
ਪਾਲਣ ਕਰਦੇ ਸੀਂ। ਉਸਨੇ ਉਹਨਾਂ ਵਿਚੋਂ ਬਾਰਾਂ ਵਿਸ਼ੇਸ਼
ਸਹਾਇਕਾਂ ਨੂੰ, ਜਾਂ ਸੁਧਾਰਕਾਂ ਨੂੰ ਚੁਣਿਆ।
6


ਯਿਸੂ ਨੇਂ ਜਿਹਨਾਂ ਨੂੰ ਪਹਿਲਾਂ ਚੁਣਿਆ ਉਹ ਸ਼ਮਊਨ ਪਤਰਸ ਅਤੇ
ਅੰਦ੍ਰਿਯਾਸ ਦੋਵੇਂ ਭਰਾ ਸਨ। ਜਦ ਯਿਸੂ ਨੇਂ ਪਹਿਲਾਂ ਉਹਨਾਂ ਨੂੰ ਆਪਣੇ
ਪਿੱਛੇ ਹੋਣ ਲਈ ਬੁਲਾਇਆ ਤਾਂ ਉਹ ਆਪਣਾ ਮੱਛੀਆਂ ਦਾ ਵਪਾਰ ਛੱਡ
ਆਏ।
7


ਜ਼ਬਦੀ ਦੇ ਪੁੱਤਰ ਯਾਕੂਬ ਅਤੇ
ਯੂਹੰਨਾ ਨੇਂ ਵੀ ਆਪਣੇ ਮੱਛੀਆਂ
ਵਾਲੇ ਜਾਲ ਛੱਡ ਦਿੱਤੇ।
8


ਯਿਸੂ ਨੇਂ ਫਿਲਿਪੁੱਸ, ਬਰਥੁਲਮਈ, ਮੱਤੀ, ਥੋਮਾ, ਸ਼ਮਊਨ ਜਿਹੜਾ ਜ਼ੇਲੋਤੇਸ ਕਹਾਉਂਦਾ ਹੈ, ਹਲਫਈ ਦਾ ਪੁੱਤਰ ਯਾਕੂਬ, ਯਾਕੂਬ ਦਾ ਪੁੱਤਰ ਯਹੂਦਾ ਨੂੰ ਵੀ ਚੁਣਿਆ, ਅਤੇ ਯਹੂਦਾ ਇਸਕਰਿਯੋਤੀ ਜਿਸਨੇਂ ਬਾਅਦ ਵਿੱਚ ਯਿਸੂ ਨੂੰ ਫੜਵਾਇਆ ਸੀਂ।
9


ਯਿਸੂ ਨੇ ਉਹਨਾਂ ਨੂੰ ਕਿਹਾ ਜੋ ਮੈਂ ਕਹਿੰਦਾ ਹਾਂ ਕਰਨ ਦਾ ਮਤਲਬ ਹੈ ਕੀ ਘਰ ਨੂੰ ਮਜਬੂਤ ਚਟਾਨ ਤੇ ਬਣਾਉਣਾ। ਭਿਅੰਕਰ ਤੂਫਾਨ ਉਸ ਘਰ ਨੂੰ ਨਾਸ਼ ਨਾਂ ਕਰ ਸਕਣਗੇ।
10


ਪਰ ਯਿਸੂ ਦੀ ਆਗਿਆ ਨਾਂ ਮੰਨਣ ਤੇ, ਵਚਨ ਇੱਕ ਰੇਤ ਤੇ ਬਣਾਏ ਹੋਏ ਘਰ ਦੇ ਵਾਂਗਰ ਹੈ। ਜ਼ਦ ਤੂਫਾਨ ਆਵੇਗਾ, ਤਾਂ ਘਰ ਡਿੱਗ ਜਾਵੇਗਾ।
11


ਯਿਸੂ ਦੀਆਂ ਕੁਝ ਆਗਿਆਵਾਂ ਆਸਾਨ ਨਹੀਂ ਸਨ। ਉਸਨੇਂ ਸਿਖਾਇਆ, “ਜੇਕਰ ਮਨੁੱਖ ਤੁਹਾਡੇ ਇੱਕ ਗੱਲ ਤੇ ਥੱਪੜ ਮਾਰੇ, ਤਾਂ ਦੂਸਰੀ ਵੀ ਉਸ ਵੱਲ ਫੇਰ ਦੇ।” “ਆਪਣੇ ਦੁਸ਼ਮਣਾਂ ਨਾਲ ਪਿਆਰ ਕਰੋ।” ਯਿਸੂ ਵਰਗਾ ਜੀਵਨ ਬਿਤਾਉਣ ਲਈ ਲੋਕਾਂ ਨੂੰ ਪਰਮੇਸ਼ਵਰ ਦੀ ਸਹਾਇਤਾ ਦੀ ਲੋੜ ਹੈ।
12


ਯਿਸੂ ਨੇਂ ਲੋਕਾਂ ਨੂੰ ਏਕਾਂਤ ਵਿੱਚ ਪ੍ਰਾਥਨਾ ਕਰਨ ਲਈ ਵੀ ਆਖਿਆ, ਪਰ ਲੋਕਾਂ ਦੇ ਸਾਹਮਣੇ ਵਿਖਾਵੇ ਲਈ ਨਹੀਂ ਜਿਵੇਂ ਕੁਝ ਧਾਰਮਿਕ ਪ੍ਰਧਾਨਾਂ ਨੇਂ ਕੀਤਾ।
13


ਯਿਸੂ ਨੇਂ ਆਖਿਆ ਕੀ ਪਰਮੇਸ਼ਵਰ ਉਹਨਾਂ ਲੋਕਾਂ ਨੂੰ ਖਾਣ ਨੂੰ ਅਤੇ ਪਹਿਨਣ ਨੂੰ ਦੇ ਸਕਦਾ ਹੈ ਜੋ ਉਸ ਤੇ ਭਰੋਸਾ ਰੱਖਦੇ ਹਨ। ਜੇਕਰ ਪਰਮੇਸ਼ਵਰ ਪੰਛੀਆਂ ਨੂੰ ਭੋਜਨ ਅਤੇ ਫੁੱਲਾਂ ਅਤੇ ਝਾੜੀਆਂ ਨੂੰ ਸੁੰਦਰ ਰੰਗ ਦੇਂਦਾ ਹੈ, ਤਾਂ ਉਸਦੇ ਲੋਕ ਆਪਣੀਆਂ ਸਾਰੀਆਂ ਜਰੂਰਤਾਂ ਲਈ ਉਸ ਤੇ ਵਿਸ਼ਵਾਸ਼ ਕਰ ਸਕਦੇ ਹਨ।
14

ਯਿਸੂ ਨੇਂ ਆਪਣੇ ਨਵੇਂ ਚੁਣੇ ਹੋਏ ਸਹਾਇਕਾ ਨੂੰ ਉਸ ਦਿਨ ਬਹੁਤ ਸਾਰੀਆਂ ਗੱਲਾਂ ਸਿਖਾਈਆਂ। ਜਦ ਉਸਨੇ ਖਤਮ ਕੀਤਾ, ਤਾਂ ਇੱਕ ਕੋੜੀ ਆਇਆ, ਜੋ ਯਿਸੂ ਤੋਂ ਚੰਗਾਈ ਲਈ ਬੇਨਤੀ ਕਰ ਰਿਹਾ ਸੀਂ।



15

ਯਿਸੂ ਨੇਂ ਕੋੜੀ ਨੂੰ ਆਖਿਆ, ਮੈਂ ਕਰਾਂਗਾ। ਸ਼ੁੱਧ ਹੋਜਾ। ਜਦ ਸਹਾਇਕਾ ਨੇਂ ਵੇਖਿਆ, ਕੋੜੀ ਪੂਰੀ ਤਰ੍ਹਾਂ ਚੰਗਾ ਹੋ ਗਿਆ। ਉਹ ਚੰਗਾ ਹੋ ਗਿਆ ਸੀਂ! ਸਿਰਫ ਪਰਮੇਸ਼ਵਰ ਦਾ ਪੁੱਤਰ ਉਹ ਕਰ ਸਕਦਾ ਸੀਂ। ਸਹਾਇਕ ਸਮਝ ਗਏ ਕੀ ਉਹਨਾਂ ਨੂੰ ਬਹੁਤ ਵਧੀਆ ਗੁਰੂ ਮਿਲ ਗਿਆ ਸੀਂ।



16

ਯਿਸੂ ਨੇਂ ਬਾਰਾਂ ਸਹਾਇਕਾਂ ਨੂੰ ਚੁਣਿਆ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮੱਤੀ ਦੀ ਇੰਜੀਲ 4-7, ਮਰਕੁਸ ਦੀ ਇੰਜੀਲ 1,
ਲੂਕਾ ਦੀ ਇੰਜੀਲ 6

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

17

# ਸਮਾਪਤ

39 60

18

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੋਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜ਼ਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16

19